# ਗੁਰੂ ਨਾਨਕ - ਸਬਦ ੨੮

## ਅਮੁਲ ਗੁਣ ਅਮੁਲ ਵਾਪਾਰ ॥

## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥

ਨਾਨਕ ਜਾਣੈ ਸਾਚਾ ਸੋਇ ॥

ਜੇ ਕੋ ਆਖੈ ਬੋਲੁਵਿਗਾੜੁ ॥

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥

**ਸਾਰ:** ਅਮੁਲਤਾ ਕਿਸੇ ਬਾ-ਕੀਮਤੀ ਅਤੇ ਮਾਪਣ ਤੋਂ ਦੁਰਲੱਭ ਸ਼ੈ ਬਾਰੇ ਹਵਾਲਾ ਦਿੰਦੀ ਹੈ। ਇਸ ਦੀ ਤੁਲਨਾ ਕਿਸੇ ਰੂਹਾਨੀ ਹਸਤੀ ਦੇ ਨਾਲ ਹੋ ਸਕਦੀ ਹੈ। ਜੋ ਭੌਤਿਕ ਸੰਪਤੀਆਂ ਦੇ ਲਗਾਵ ਤੋਂ ਪਰੇ ਵਿਭਿੰਨ ਗੁਣਾਂ ਜਿਵੇਂ ਕਿ ਬਿਬੇਕ, ਅੰਦਰੂਨੀ ਸ਼ਾਂਤੀ ਅਤੇ ਸਹਿਜ ਦਾ ਧਾਰਨੀ ਹੋਵੇ। ਇਹਨਾਂ ਸਦਗੁਣਾਂ ਨੂੰ ਪੈਦਾ ਕਰਨ ਵਾਲੀਆਂ ਕੀਮਤਾਂ ਦੀ ਤੁਲਨਾ ਕਿਸੇ ਵੀ ਬੇਸ਼ੁਮਾਰ ਦੁਨਿਆਵੀ ਵਸਤ ਨਾਲ ਨਹੀਂ ਹੋ ਸਕਦੀਆਂ। ਸੰਪੂਰਨ ਜੀਵਨ ਜੀਉਣ ਦੇ ਫਾਇਦਿਆਂ ਲਈ ਕੀਤੀ ਕੋਈ ਵੀ ਵਿਆਖਿਆ ਇਨ੍ਹਾਂ ਦਾ ਪੂਰੀ ਤਰ੍ਹਾਂ ਵਰਣਨ ਨਹੀਂ ਕਰ ਸਕਦੀ।

ਅਮੁਲ ਗੁਣ ਅਮੁਲ ਵਾਪਾਰ ॥

ਅਮੋਲਕ ਹਨ ਆਤਮਕ ਗੁਣ, ਅਤੇ ਅਮੋਲਕ ਹਨ ਆਤਮਕ ਅਦਾਨ-ਪ੍ਰਦਾਨ ਦੇ ਤਰੀਕੇ।

ਅਮੁਲ ਵਾਪਾਰੀਏ ਅਮੁਲ ਭੰਡਾਰ ॥

ਅਨਮੋਲ ਹਨ ਰੂਹਾਨੀਅਤ ਦੇ ਵਪਾਰੀ, ਅਤੇ ਅਨਮੋਲ ਹਨ ਮਨੁੱਖਤਾ ਦੇ ਖ਼ਜ਼ਾਨੇ।

ਅਮੁਲ ਆਵਹਿ ਅਮੁਲ ਲੈ ਜਾਹਿ ॥

ਅਨਮੋਲ ਹਨ ਉਹ ਜੋ ਰੂਹਾਨੀਅਤ ਵੱਲ ਕਦਮ ਪੁੱਟਦੇ ਹਨ, ਅਤੇ ਅਨਮੋਲ ਹਨ ਉਹ ਜੋ ਬਿਬੇਕ ਪ੍ਰਾਪਤ ਕਰਦੇ ਹਨ।

ਅਮੁਲ ਭਾਇ ਅਮੁਲਾ ਸਮਾਹਿ ॥

ਅਨਮੋਲ ਹਨ ਉਹ ਜੋ ਸ਼ਰਧਾ ਵਿੱਚ ਭਿੱਜੇ ਹੋਏ ਹਨ, ਅਤੇ ਅਨਮੋਲ ਹਨ ਜੋ ਪਿਆਰ ਵਿੱਚ ਲੀਨ ਹਨ।

ਅਮੁਲੁ ਧਰਮੁ ਅਮੁਲੁ ਦੀਬਾਣੁ ॥

ਅਨਮੋਲ ਹਨ ਇਖ਼ਲਾਕ ਦੇ ਧਾਰਨੀ, ਅਨਮੋਲ ਹੈ ਉਹਨਾਂ ਦੀ ਸੰਗਤ।

ਅਮੁਲੁ ਤੁਲੁ ਅਮੁਲੁ ਪਰਵਾਣੁ ॥

ਅਨਮੋਲ ਹਨ ਸਹਿਜਤਾ ਵਿਚ ਜੀਉਣ ਵਾਲੇ, ਅਨਮੋਲ ਹੈ ਉਹਨਾਂ ਦੀ ਪ੍ਰਵਾਨਤਾ।

ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਅਨਮੋਲ ਹਨ ਕੁਦਰਤ ਵਿਚਲੀਆਂ ਬਖਸ਼ਿਸ਼ਾਂ, ਅਨਮੋਲ ਹੈ ਉਹਨਾਂ ਦੀ ਹੋਂਦ।

ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਅਨਮੋਲ ਹਨ ਕਰਮ, ਅਨਮੋਲ ਹਨ ਸੇਧ ਦੇਣ ਵਾਲੇ ਕੁਦਰਤ ਦੇ ਨਿਯਮ।

ਅਮੁਲੋ ਅਮੁਲੁ ਆਖਿਆ ਨ ਜਾਇ ॥

ਕੁਦਰਤ ਦੇ ਅਨਮੋਲ ਨਿਯਮਾਂ ਦੀ ਅਨਮੋਲਤਾ ਪ੍ਰਗਟਾਵੇ ਤੋਂ ਪਰੇ ਹੈ।

ਆਖਿ ਆਖਿ ਰਹੇ ਲਿਵ ਲਾਇ ॥

ਸਮਰਣ ਅਤੇ ਵਿਚਾਰ ਚਿੰਤਨ ਦੀਆਂ ਅਵਸਥਾਵਾਂ ਹਨ।

ਆਖਹਿ ਵੇਦ ਪਾਠ ਪੁਰਾਣ ॥

ਵੇਦ ਅਤੇ ਪੁਰਾਣ (ਭਾਰਤੀ ਗ੍ਰੰਥ) ਆਪਣੇ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ।

ਆਖਹਿ ਪੜੇ ਕਰਹਿ ਵਖਿਆਣ ॥

ਸਿਖਿਅਤ ਵਿਦਵਾਨ ਵਿਆਖਿਆ ਕਰਦੇ ਹਨ।

ਆਖਹਿ ਬਰਮੇ ਆਖਹਿ ਇੰਦ ॥

ਦੈਵੀ ਸਤਾ ਅਤੇ ਦੈਵੀ ਆਪਾ ਮੂਲ ਤੱਤ ਨੂੰ ਪ੍ਰਗਟ ਕਰਦੇ ਹਨ।

ਆਖਹਿ ਗੋਪੀ ਤੈ ਗੋਵਿੰਦ ॥

ਦੈਵੀ ਹਸਤੀਆਂ ਅਤੇ ਸ਼ਰਧਾਲੂ ਆਪਣੇ ਨਜ਼ਰੀਏ ਦਾ ਉਲੇਖ ਕਰਦੇ ਹਨ।

ਆਖਹਿ ਈਸਰ ਆਖਹਿ ਸਿਧ ॥

ਪਰਮ ਆਪਾ ਚਿੰਤਨ ਕਰਦਾ ਹੈ, ਰੂਹਾਨੀ ਜਾਗਰੂਕ ਆਪਣਾ ਸੰਦੇਸ਼ ਪਹੁੰਚਾਉਂਦੇ ਹਨ।

ਆਖਹਿ ਕੇਤੇ ਕੀਤੇ ਬੁਧ ॥

ਇਹਨਾਂ ਸੰਵਾਦਾਂ ਨੇ ਬਹੁਤ ਸਾਰਿਆਂ ਨੂੰ ਰੂਹਾਨੀ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਹੈ।

ਆਖਹਿ ਦਾਨਵ ਆਖਹਿ ਦੇਵ ॥

ਅਗਿਆਨੀ ਆਪਣੀ ਰਾਏ ਦਿੰਦੇ ਹਨ, ਗਿਆਨਵਾਨ ਆਪਣੇ ਸੁਝਾਅ ਦਿੰਦੇ ਹਨ।

ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਰੂਹਾਨੀ ਯੋਧਿਆਂ, ਦੈਵੀ ਹਸਤੀਆਂ, ਰਿਸ਼ੀਆਂ, ਪਵਿੱਤਰ ਅਤੇ ਨਿਮਰ ਸੇਵਕਾਂ ਦਾ ਆਪੋ-ਆਪਣਾ ਨਜ਼ਰੀਆ ਹੈ।

ਕੇਤੇ ਆਖਹਿ ਆਖਣਿ ਪਾਹਿ ॥

ਬਹੁਤ ਸਾਰੇ ਅਜਿਹੇ ਹਨ ਜੋ ਕੁਦਰਤ ਦੇ ਨਿਯਮਾਂ ਨੂੰ ਜਾਣਨ ਦਾ ਦਾਅਵਾ ਕਰਦੇ ਹਨ ਅਤੇ ਇਸ ਬਾਰੇ ਪ੍ਰਵਚਨ ਦਿੰਦੇ ਹਨ।

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਬਹੁਤਿਆਂ ਨੇ ਕੁਦਰਤ ਦੇ ਨਿਯਮਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹਨਾਂ ਵਿਚੋਂ ਬਹੁਤ ਸਾਰੇ ਅਸਫ਼ਲ ਜਾਂ ਖਤਮ ਹੋ ਗਏ ਹਨ।

ਏਤੇ ਕੀਤੇ ਹੋਰਿ ਕਰੇਹਿ ॥

ਭਾਵੇਂ ਉਨ੍ਹਾਂ ਵਰਗੇ ਕਈ ਹੋਰ ਪੈਦਾ ਹੋਣ ਅਤੇ ਉਹ ਕਈ ਵਾਰ ਯਤਨ ਕਰਨ।

ਤਾ ਆਖਿ ਨ ਸਕਹਿ ਕੇਈ ਕੇਇ ॥

ਉਹ ਕੁਦਰਤ ਦੇ ਨਿਯਮਾਂ ਦੀ ਸੰਪੂਰਨਤਾ ਦਾ ਉਲੇਖ ਨਹੀਂ ਕਰ ਸਕਣਗੇ।

ਜੇਵਡੁ ਭਾਵੈ ਤੇਵਡੁ ਹੋਇ ॥

ਸਭ ਕੁਝ ਕੁਦਰਤ ਦੇ ਹੁਕਮ ਅਨੁਸਾਰ ਹੁੰਦਾ ਹੈ।

ਨਾਨਕ ਜਾਣੈ ਸਾਚਾ ਸੋਇ ॥
ਨਾਨਕ ਆਖਦੇ ਹਨ ਸੱਚ ਨੂੰ ਉਹੀ ਜਾਣਦੇ ਹਨ ਜੋ ਸੱਚੇ ਹਨ।

ਜੇ ਕੋ ਆਖੈ ਬੋਲੁਵਿਗਾੜੁ ॥
ਜੇ ਕੋਈ ਕੁਦਰਤ ਦੇ ਨਿਯਮਾਂ ਨੂੰ ਸੰਪੂਰਨਤਾ ਸਾਹਿਤ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਲਾਜ਼ਮੀ ਤੌਰ 'ਤੇ ਉਨ੍ਹਾਂ ਦੀ ਵਿਆਖਿਆ ਨੂੰ ਵਿਗਾੜ ਦੇਵੇਗਾ।

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥
ਅਜਿਹਾ ਮਨੁੱਖ ਅਗਿਆਨੀਆਂ ਵਿਚੋਂ ਅਗਿਆਨੀ ਦੇ ਤੌਰ ‘ਤੇ ਜਾਣਿਆ ਜਾਵੇਗਾ। (੨੬)

**ਤੱਤ:** ਗੁਰੂ ਨਾਨਕ ਅਨੁਸਾਰ ਗੁਣਾਂ ਰਾਹੀਂ ਪ੍ਰਾਪਤ ਹੋਏ ਬਿਬੇਕ ਦੀ ਅਨਮੋਲਤਾ ਉਹੀ ਜਾਣਦੇ ਹਨ ਜੋ ਆਪਣਾ ਜੀਵਨ ਸਚਾਈ ਆਮ੍ਰਿਤ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਬਤੀਤ ਕਰਦੇ ਹਨ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** OnenessInDiversity.com

**ਈਮੇਲ: onenessindiversityfoundation@gmail.com**